# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 07-11-2024**

ਚੁਗਿਰਦੇ, ਜੰਗਲਾਤ ਅਤੇ ਜਲਵਾਯੂ ਤਬਦੀਲੀ ਬਾਰੇ ਮੰਤਰਾਲੇ ਨੇ ਪਰਾਲੀ ਸਾੜਨ 'ਤੇ ਜੁਰਮਾਨੇ ਦੁੱਗਣੇ ਕਰ ਦਿੱਤੇ ਨੇ। ਸਰਕਾਰ ਨੇ ਕੱਲ੍ਹ ਨਵੇਂ ਨੇਮ, ਰਾਸ਼ਟਰੀ ਰਾਜਧਾਨੀ ਖੇਤਰ ਅਤੇ ਨਾਲ ਲਗਦੇ ਇਲਾਕਿਆਂ ਵਿੱਚ ਹਵਾ ਦੀ ਗੁਣਵੱਤਾ ਦੇ ਪ੍ਰਬੰਧ ਬਾਰੇ ਕਮਿਸ਼ਨ (ਪਰਾਲੀ ਸਾੜਨ ਲਈ ਚੁਗਿਰਦਾ ਮੁਆਵਜ਼ਾ ਲਾਉਣ, ਵਸੂਲੀ ਅਤੇ ਵਰਤੋਂ) ਸੋਧ ਨੇਮਾਂ, 2024 ਨੂੰ ਕੱਲ੍ਹ ਨੋਟੀਫਾਈ ਕੀਤਾ ਏ। ਨਵੇਂ ਨੇਮਾਂ ਮੁਤਾਬਿਕ ਦੋ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਹੁਣ ਪਰਾਲੀ ਨੂੰ ਅੱਗ ਲਾਉਣ ਦੀ ਪ੍ਰਤੀ ਘਟਨਾ ਲਈਪੰਜ ਹਜ਼ਾਰ ਰੁਪਏ ਅਦਾ ਕਰਨੇ ਪੈਣਗੇ ਜੋ ਪਹਿਲਾਂ ਦੋ ਹਜ਼ਾਰ 500 ਰੁਪਏ ਸਨ।

------------------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਜੋ ਕਿ ਆਪਣੇ ਚਾਰ ਦਿਨਾਂ ਦੇ ਸਰਹੱਦੀ ਦੌਰੇ ਉੱਤੇ ਨੇ, ਕਲ  ਬੀਤੀ ਸ਼ਾਮ ਅੰਮ੍ਰਿਤਸਰ 'ਚ ਅਟਾਰੀ ਸਰਹੱਦ ਵਿਖੇ ਪਹੁੰਚੇ ਅਤੇ ਸਰਹੱਦ ਉੱਤੇ ਹੁੰਦੀ ਰੀ-ਟਰੀਟ ਸੈਰਾਮਨੀ ਦਾ ਆਨੰਦ ਮਾਣਿਆ। ਉਹਨਾਂ ਨੇ ਇਸ ਮੌਕੇ ਬੀ.ਐਸ.ਐਫ ਦੇ ਜਵਾਨਾਂ ਵੱਲੋਂ ਕੀਤੇ ਜਾ ਰਹੇ ਪਰੇਡ ਦਾ ਆਨੰਦ ਲਿਆ ਅਤੇ ਜਵਾਨਾਂ ਦੇ ਪ੍ਰਦਰਸ਼ਨ ਅਤੇ ਜਵਾਨਾਂ ਵਲੋਂ ਕੌਮਾਂਤਰੀ ਸਰਹੱਦਾਂ ਦੀ ਦਿਨ ਰਾਤ ਰਾਖੀ ਕਰਨ ਲਈ ਕੀਤੀ ਜਾ ਰਹੀ ਡਿਊਟੀ ਵਾਸਤੇ  ਉਨਾਂ ਦੀ ਸ਼ਲਾਘਾ  ਕੀਤੀ ।  ਇਸ ਮੌਕੇ ਬੀ.ਐਸ.ਐਫ. ਦੇ ਜਵਾਨਾਂ ਵਲੋਂ ਰਾਜਪਾਲ ਪੰਜਾਬ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਜਪਾਲ ਨੇ ਇੱਕ ਸਵਾਲ ਦੇ ਜਵਾਬ  ਵਿੱਚ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਕੇਵਲ ਸਖਤੀ ਨਹੀਂ ਬਲਕਿ ਵਿਕਲਪ ਦੇਣ ਦੀ ਲੋੜ ਏ। ਉਹਨਾਂ ਕਿਹਾ ਕਿ ਅਜਿਹੀ ਸਨਅਤ ਦੀ ਲੋੜ ਏ ਜੋ ਕਿ ਪਰਾਲੀ ਨੂੰ ਬਾਲਣ ਵਜੋਂ ਵਰਤੇ ਜਾਂ ਪਰਾਲੀ ਤੋਂ ਕੱਚਾ ਮਾਲ ਲੈ ਕੇ ਉਸ ਨੂੰ ਅੱਗੇ ਪ੍ਰੋਸੈਸ ਕਰੇ। ਸਰਹੱਦ ਪਾਰੋਂ ਹੁੰਦੀ ਨਸ਼ੇ ਦੀ

ਤਸਕਰੀ ਬਾਰੇ ਉਹਨਾਂ ਕਿਹਾ ਕਿ ਸਰਹੱਦ ਪਾਰ ਤੋਂ ਡਰੋਨਾਂ ਦੀ ਸਹਾਇਤਾ ਨਾਲ ਬਹੁਤ ਆਸਾਨੀ ਨਾਲ ਪਹੁੰਚ ਰਹੇ ਨਸ਼ੇ ਨੂੰ ਰੋਕਣ ਲਈ, ਲੋਕਾਂ ਦੇ ਸਾਥ ਦੀ ਵੱਡੀ ਲੋੜ ਏ । ਇਸ ਮੌਕੇ ਉਹਨਾਂ ਨਾਲ ਪ੍ਰਿੰਸੀਪਲ ਸਕੱਤਰ ਵੀ. ਕੇ. ਮੀਨਾ, ਵਧੀਕ ਮੁੱਖ ਸਕੱਤਰ ਕੇ. ਸ਼ਿਵਾ ਪ੍ਰਸ਼ਾਦ, ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ ।

---------------------------------------------------

ਭਾਰਤੀ ਰੇਲਵੇ ਨੇ ਤਿਉਹਾਰਾਂ ਦੇ ਮੌਕੇ 'ਤੇ, ਰੇਲਗੱਡੀਆਂ ਰਾਹੀਂ ਸਫ਼ਰ ਕਰਨ ਵਾਲੇ ਲੋਕਾਂ ਦੀ ਸਹੂਲਤ ਲਈ ਮਹੱਤਵਪੂਰਨ ਸਟੇਸ਼ਨਾਂ 'ਤੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਨੇ । ਛਠ ਸਮੇਤ ਹੋਰਨਾਂ ਤਿਉਹਾਰਾਂ ਮੌਕੇ , ਭਾਰਤੀ ਰੇਲਵੇ ਵਲੋਂ 7 ਹਜ਼ਾਰ 435 ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾ ਰਹੀਆਂ ਨੇ , ਜਦਕਿ ਪਿਛਲੇ ਸਾਲ ਸਾਢੇ 4 ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਗਈਆਂ ਸਨ, ਇਸ ਲੜੀ ਵਿੱਚ, ਉੱਤਰੀ ਰੇਲਵੇ ਵਲੋਂ ਅੱਜ ਚਲਾਈਆਂ ਜਾਣ ਵਾਲੀਆਂ ਵਿਸ਼ੇਸ਼ ਰੇਲ ਗੱਡੀਆਂ ਵਿਚ ਪੰਜਾਬ ਤੋਂ ਚਲਣ ਵਾਲੀਆਂ ਰੇਲ ਗੱਡੀਆਂ ਵੀ ਸ਼ਾਮਿਲ ਨੇ । ਚੰਡੀਗੜ੍ਹ ਜੰਕਸ਼ਨ ਤੋਂ ਅੱਜ ਰਾਤ ਗਿਆਰਾਂ ਵੱਜਕੇ 15 ਮਿੰਟ 'ਤੇ ਚਲਕੇ ਵਿਸ਼ੇਸ਼ ਰੇਲਗੱਡੀ

ਵਾਇਆ ਅੰਬਾਲਾ ਛਾਉਣੀ, ਲਖਨਊ ਚਾਰਬਾਗ, ਹੁੰਦੀ ਹੋਈ ਗੋਰਖਪੁਰ ਜੰਕਸ਼ਨ ਪਹੁੰਚੇਗੀ। ਇਸੇ ਤਰਾਂ ਅੰਮ੍ਰਿਤਸਰ ਜੰਕਸ਼ਨਤੋਂ ਦੇਰ ਰਾਤ ਇਕ ਵੱਜਕੇ 50 ਮਿੰਟ ਤੇ ਚਲਕੇ, ਅੰਬਾਲਾ ਕੈਂਟ ਜੰਕਸ਼ਨ. ਅਨੂਪਪੁਰ ਜੰਕਸ਼ਨ, ਰਾਏਪੁਰ ਜੰਕਸ਼ਨ ਹੁੰਦੀ ਹੋਈ ਦੁਰਗ ਜੰਕਸ਼ਨ ਪਹੁੰਚੇਗੀ। ਮੁੱਖ ਲੋਕ ਸੰਪਰਕ ਅਧਿਕਾਰੀ ਹਿਮਾਂਸ਼ੂ ਸ਼ੇਖਰ ਉਪਾਧਿਆਏ ਨੇ ਦਸਿਆ ਕਿ ਸਟੇਸ਼ਨਾਂ 'ਤੇ ਮੁਸਾਫ਼ਰ ਸੁਵਿਧਾਵਾਂ ਅਤੇ ਰੇਲਗੱਡੀਆਂ ਦੇ ਸਮੇਂ ਦੀ ਪਾਬੰਦੀ ਦੀ ਨਿਗਰਾਨੀ ਕਰਨ ਲਈ, ਰੇਲਵੇ ਬੋਰਡ, ਜ਼ੋਨਲ ਰੇਲਵੇ ਡਿਵੀਜ਼ਨ ਅਤੇ ਸਟੇਸ਼ਨ ਪੱਧਰ 'ਤੇ ਵਿਸ਼ੇਸ਼ ਕੰਟਰੋਲ ਰੂਮ ਬਣਾਏ ਗਏ ਨੇ। ਉਨ੍ਹਾਂ ਦਸਿਆ ਕਿ ਰੇਲਵੇ ਨੇ ਮੁਸਾਫ਼ਰਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਨੇ। ਕਤਾਰਬੱਧ ਤਰੀਕੇ ਨਾਲ ਰੇਲਗੱਡੀ ਵਿੱਚ ਦਾਖਲੇ ਦੀ ਵਿਵਸਥਾ ਅਤੇ ਭੀੜ ਪ੍ਰਬੰਧਨ ਲਈ ਵਾਧੂ ਅਮਲਾ ਅਤੇ ਰੇਲਵੇ ਸੁਰੱਖਿਆ ਬਲ ਦੇ ਜਵਾਨ ਤਾਇਨਾਤ ਵੀ ਕੀਤੇ ਗਏ ਨੇ। ਰੇਲਵੇ ਨੇ ਕੁਝ ਮਹੱਤਵਪੂਰਨ ਸਟੇਸ਼ਨਾਂ 'ਤੇ ਰਾਖਵੇਂ ਰੈਕ ਰੱਖੇ ਨੇ ਜ਼ਿਆਦਾ ਭੀੜ ਹੋਣ 'ਤੇ ਇਨ੍ਹਾਂ ਨੂੰ ਤੁਰੰਤ ਚਲਾਉਣ ਦਾ ਪ੍ਰਬੰਧ ਕੀਤਾ ਗਿਆ ਏ। ਉਨ੍ਹਾਂ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਹੋਰ ਜਾਣਕਾਰੀ ਲਈ ਰੇਲ ਹੈਲਪਲਾਈਨ

ਨੰਬਰ 139 'ਤੇ ਸੰਪਰਕ ਕਰਨ ਦੀ ਅਪੀਲ ਕੀਤੀ ਏ ।

-----------------------------------------------------------

ਚੋਣ ਕਮਿਸ਼ਨ ਵਲੋਂ ਯੋਗਤਾ ਤਰੀਕ ਪਹਿਲੀ ਜਨਵਰੀ 2025 ਦੇ ਆਧਾਰ ‘ਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਸਬੰਧੀ ਜਾਰੀ ਪ੍ਰੋਗਰਾਮ ਤਹਿਤ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਨੇ , ਜਿਥੇ ਬੀ.ਐਲ.ਓਜ਼ ਵੱਲੋਂ ਮੌਜੂਦ ਰਹਿ ਕੇ, ਲੋਕਾਂ ਪਾਸੋਂ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ। ਜਲੰਧਰ ਦੇ ਜ਼ਿਲਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਪੋਲਿੰਗ ਸਟੇਸ਼ਨਾਂ ’ਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਿਕ 9 , 10 , 23 ਅਤੇ 24 ਨਵੰਬਰ ਨੂੰ ਜ਼ਿਲ੍ਹੇ ਦੇ ਸਮੂਹ ਪੋਲਿੰਗ ਸਟੇਸ਼ਨਾਂ ’ਤੇ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਨੇ । ਉਨ੍ਹਾਂ ਜ਼ਿਲ੍ਹੇ ਦੇ ਸਮੂਹ ਬੂਥ ਲੈਵਲ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਵਿਸ਼ੇਸ਼ ਕੈਂਪਾਂ ਦੌਰਾਨ ਵੋਟਰਾਂ ਨੂੰ ਵੋਟ ਬਣਵਾਉਣ, ਵੋਟ ਕਟਵਾਉਣ ਅਤੇ ਵੋਟਰ ਸੂਚੀ ਵਿੱਚ ਕੋਈ ਤਬਦੀਲੀ ਕਰਵਾਉਣ ਵਿੱਚ ਸਹਿਯੋਗ ਦਿੱਤਾ ਜਾਵੇ । ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਪ੍ਰਸ਼ਾਸਨ ਵਲੋਂ ਲਗਾਏ ਜਾ ਰਹੇ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ

ਲਾਭ ਉਠਾਉਣ ਦੀ ਅਪੀਲ ਕੀਤੀ। ਓਧਰ ਬਠਿੰਡਾ ਦੇ ਜ਼ਿਲ੍ਹਾ ਚੋਣ ਅਫਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਸਬੰਧਤ ਬੂਥ ਲੈਵਲ ਅਫਸਰ ਵਲੋਂ ਆਪੋਂ-ਆਪਣੇ ਪੋਲਿੰਗ ਸਟੇਸ਼ਨਾਂ ਤੇ ਬੈਠ ਕੇ ਦਾਅਵੇ ਤੇ ਇਤਰਾਜ ਪ੍ਰਾਪਤ ਕੀਤੇ ਜਾਣਗੇ। ਜ਼ਿਲ੍ਹਾ ਚੋਣ ਅਫਸਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਵਿਅਕਤੀ ਵੋਟਰ ਬਣਨ ਦੇ ਯੋਗ ਏ ਤਾਂ ਉਹ ਇਨ੍ਹਾਂ ਕੈਂਪਾਂ ’ਚ ਪਹੁੰਚ ਕੇ ਲਾਭ ਲੈ ਸਕਦੇ ਨੇ ।

---------------------------------------------------

ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲੇ ਸਥਿਤ ਦੇਸ਼ ਦਾ ਸਭ ਤੋਂ ਪੁਰਾਨਾ ਫੌਜੀ ਸਕੂਲ,ਰਾਸ਼ਟਰੀ ਮਿਲਟਰੀ ਸਕੂਲ, ਚੈਲ ਆਪਣਾ ਸ਼ਤਾਬਦੀ ਸਮਾਗਮ ਮਨਾ ਰਿਹਾ ਏ |ਇਸ ਸਿਲਸਿਲੇ ਵਿਚ ਜਲੰਧਰ ਦੇ ਵਜਰਾ ਕੋਰ ਤੋਂ ਚੈਲ ਤੱਕ 242 ਕਿਲੋਮੀਟਰ ਦੀ ਅਲਟਰਾ ਮੈਰਾਥਨ ਨੂੰ ਵਜਰਾ ਕੋਰ ਦੇ ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀਆ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਜਾਰਜੀਅਨਾਂ ਨੇ ਸ਼ਿਰਕਤ ਕੀਤੀ, ਜੋ ਕਿ ਹਥਿਆਰਬੰਦ ਬਲਾਂ ਦੇ ਭਾਈਚਾਰੇ ਵਿੱਚ ਕਿੰਗ ਜਾਰਜ ਦੇ ਰਾਇਲ ਇੰਡੀਅਨ ਮਿਲਟਰੀ ਕਾਲਜ, ਨੈਸ਼ਨਲ

ਮਿਲਟਰੀ ਸਕੂਲਾਂ ਦੇ ਸਾਬਕਾ ਵਿਦਿਆਰਥੀਆਂ ਲਈ ਪ੍ਰਸਿੱਧ ਨਾਮ ਏ

।